# PRESS INFORMATION BUREAU
# GOVT. OF INDIA
# <u>JALANDHAR</u>

**1. Name of Newspaper** : **Akali Patrika**
**2.Place** : **Jalandhar**
**3.Dated** : **10/06/2017**
**4. Language** : **Punjabi**

## ਵਿਸ਼ਵ ਯੋਗ ਦਿਵਸ ਦੀ ਤਿਆਰੀ ਲਈ ਯੋਗ ਕੈਂਪ ਲਗਾਇਆ

ਸੰਗਰੂਰ,੭ ਜੂਨ(ਅਵਤਾਰ ਸਿੰਘ ਛਾਜਲੀ,ਜਸਪਾਲ ਸਿੰਘ ਜਿੰਮੀ):- ਅੰਤਰਰਾਸ਼ਟਰੀ ਯੋਗ ਦਿਵਸ ਮਨਾਉਣ ਸੰਬੰਧੀ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਸੰਗਰੂਰ 'ਚ ਯੋਗ ਨੂੰ ਪ੍ਰਚਾਰਿਤ ਕਰਨ ਹਿਤ ਆਯੁਰਵੈਦਿਕ ਤੇ ਯੂਨਾਨੀ ਵਿਭਾਗ ਵੱਲੋਂ ਅਲੱਗ-ਅਲੱਗ ਥਾਵਾਂ 'ਤੇ ਜਾਗਰੂਕਤਾ ਪ੍ਰੋਗਰਾਮ ਕੀਤੇ ਜਾ ਰਹੇ ਹਨ। ਡਾ. ਅਮਨ ਕੌਸ਼ਲ ਨੇ ਈਸ਼ਾ ਗੋਇਲ, ਵਿਜੇ ਕੁਮਾਰੀ, ਅਨੀਤਾ ਕੌਸ਼ਲ ਦੇ ਸਹਿਯੋਗ ਨਾਲ ਪਿੰਡ ਖੇੜੀ ਚੰਦਵਾਂ ਤੇ ਭਲਵਾਨ ਵਿਖੇ ਡਾ. ਕਮਲਪ੍ਰੀਤ ਕੌਰ, ਸੁਰੇਸ਼ ਕੁਮਾਰ ਤੇ ਉਪਵੈਦ ਸਵਿੰਦਰਜੀਤ ਕੌਰ ਦੇ ਸਹਿਯੋਗ ਨਾਲ ਜ਼ੋਨਲ ਅਫ਼ਸਰ ਡਾ ਅਮਨ ਦੀ ਅਗਵਾਈ 'ਚ ਯੋਗ ਕੈਂਪ ਲਗਾਇਆ। ਇਸੇ ਲੜੀ ਅਧੀਨ ਘਰਾਚੋਂ ਤੇ ਸਾਰੋਂ 'ਚ ਵੀ ਯੋਗ ਕੈਂਪ ਲਗਾਏ ਗਏ। ਸਾਰੋਂ 'ਚ ਉਪ ਵੈਦ ਵਿਨੀਤ ਦੇਵਗਨ ਦੀ ਅਗਵਾਈ 'ਚ ਲਗਾਏ ਗਏ ਯੋਗ ਕੈਂਪ 'ਚ ਵੱਖ-ਵੱਖ ਆਸਣ ਤੇ ਪ੍ਰਾਣਾਯਾਮ ਦੀਆਂ ਕਿਰਿਆਵਾਂ ਦਾ ਪ੍ਰਦਰਸ਼ਨ ਕੀਤਾ ਗਿਆ। ਸੰਗਰੂਰ ਦੇ ਸਰਕਾਰੀ ਨਰਸਿੰਗ ਕਾਲਜ 'ਚ ਯੂਨਾਨੀ ਮੈਡੀਕਲ ਅਫ਼ਸਰ ਡਾ. ਮੁਹੰਮਦ ਅਕਮਲ ਨੇ ਵਿਦਿਆਰਥੀਆਂ ਨੂੰ ਯੋਗ ਦੀ ਮਹੱਤਤਾ ਸੰਬੰਧੀ ਜਾਣੂ ਕਰਵਾਇਆ। ਇਸ ਮੌਕੇ ਹਰਪ੍ਰੀਤ ਸਿੰਘ ਭੰਡਾਰੀ ਨੇ ਯੋਗ ਆਸਨ ਤੇ ਪ੍ਰਣਾਯਾਮ ਦੀ ਵੱਖ-ਵੱਖ ਰੋਗਾਂ 'ਚ ਮਹੱਤਤਾ ਦੱਸੀ ਤੇ 21 ਜੂਨ ਨੂੰ ਜ਼ਿਲ੍ਹਾ ਪੱਧਰ 'ਤੇ ਮਨਾਏ ਜਾ ਰਹੇ ਯੋਗ ਦਿਵਸ 'ਚ ਸ਼ਿਰਕਤ ਕਰਨ ਦੀ ਅਪੀਲ ਕੀਤੀ।

विश्व योग दिवस की तैयारियों के लिये योग कैंप लगाया